**ਪ੍ਰ7. ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾਉ:** **(3)**

ਤੁਸੀਂ ਅੱਜ ਮੇਲਾ ਵੇਖਣਾ ਹੈ ਰਮਨ ਨੇ ਮੁੰਡੇ ਨੂੰ ਪੁੱਛਿਆ।

**ਪ੍ਰ8. ਹੇਠਾਂ ਲਿਖੇ ਪ੍ਰਸ਼ਨਾਂ ਦੇ ਢੁੱਕਵੇਂ ਉੱਤਰ ਲਿਖੋ:** **(5×4=20)**

ੳ) ਨੈਣਾ ਸਿੰਘ ਨੇ ਅਰਦਾਸ ਕਿੰਨਾ ਨੂੰ ਤੇ ਕਿਵੇਂ ਪਹੁੰਚਾਈ? ਉਸਦਾ ਅਸਰ ਕੀ ਹੋਇਆ?

ਅ) ਭੇਡ ਚਾਲ ਦਾ ਮਨੁੱਖੀ ਸੁਭਾਅ ਨਾਲ ਕੀ ਸੰਬੰਧ ਹੈ?

ੲ) ਲੇਖਕ ਅਨੁਸਾਰ ਅੱਜ ਦੀ ਤਹਿਜ਼ੀਬ ਕਿਸ ਗੱਲ ਤੇ ਜ਼ੋਰ ਦਿੰਦੀ ਹੈ?

ਸ) ਹਾਸੇ ਉੱਤੇ ਹੌਲੀ ਹੌਲੀ ਉਮਰ ਦਾ ਕੀ ਪ੍ਰਭਾਵ ਪੈਂਦਾ ਹੈ?

ਹ) ਵਹਿਮ ਤੇ ਜੋਤਿਸ਼ ਵਿੱਦਿਆ ਦੇ ਧਾਰਨੀ ਵਿਅਕਤੀ ਦਾ ਕੀ ਹਾਲ ਹੁੰਦਾ ਹੈ?

**ਪ੍ਰ9. ਹੇਠਾਂ ਲਿਖੀਆਂ ਕਾਵਿ ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸੰਗ ਸਹਿਤ ਵਿਆਖਿਆ ਕਰੋ:** **(10)**

ਜਤ ਕੀ ਜਟਾ ਜੋਗ ਕੇ ਮੰਜਨ ਨੇਮ ਕੇ
ਨਖਨ ਬਢਾਓ
ਗਿਆਨ ਗੁਰੂ ਆਤਮ ਉਪਦੇਸਹੁ
ਨਾਮ ਵਿਭੂਤ ਲਗਾਓ

**ਪ੍ਰ10. ਹੇਠਾਂ ਲਿਖੀਆਂ ਕਾਵਿ ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** **(10)**

ਅਨੇਕ ਉਪਾਵ ਕਰੀ ਗੁਰਿ ਕਾਰਣਿ
ਗੁਰ ਭਾਵੈ ਸੋ ਥਾਇ ਪਾਈ।
ਰੈਣਿ ਦਿਨਸੁ ਗੁਰ ਚਰਣ ਅਰਾਧੀ
ਦਇਆ ਕਰਹੁ ਮੇਰੇ ਸਾਈ

ੳ) ਗੁਰਸਿੱਖ ਗੁਰੂ ਦੇ ਦਰਸ਼ਨਾਂ ਨੂੰ ਕਦੋਂ ਜਾਂਦਾ ਹੈ?

ਅ) ਹਰ ਵਕਤ ਗੁਰੂ ਨੇ ਕਿਵੇਂ ਵੇਖਿਆ ਜਾ ਸਕਦਾ ਹੈ?

ੲ) ਗੁਰੂ ਜੀ ਪਰਮਾਤਮਾ ਤੋਂ ਕਿਹੜੀ ਕਿਰਪਾ ਚਾਹੁੰਦੇ ਹਨ?

ਸ) ਇਹ ਕਾਵਿ-ਸਤਰਾਂ ਕਿਹੜੇ ਸ਼ਬਦ ਵਿੱਚੋਂ ਲਈਆਂ ਗਈਆਂ ਹਨ?

**ਪ੍ਰ11.** ਰਿਸ਼ਤੇ ਨਾਟਕ ਦੇ ਮਹੱਤਵਪੂਰਨ ਪਾਤਰ ਪੀਤੇ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ। **(10)**

**ਜਾਂ**

ਰਿਸ਼ਤੇ ਨਾਟਕ ਵਿੱਚ ਨਾਟਕ ਨੇ ਕਿਸ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ?

**ਪ੍ਰ12.** ਨਾਮ ਸਿਮਰਨ ਦੀ ਕੀ ਮਹੱਤਤਾ ਹੈ? ਕੀ ਤੁਹਾਨੂੰ ਇਸ ਵਿੱਚ ਵਿਸ਼ਵਾਸ ਹੈ? **(5)**

# First Term Examination (19 Sept.17)

**Class - XI**

**Paper - Punjabi**

**Set - B**

**Time: 3 hrs.** **MM: 100**

**ਪ੍ਰ1. ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** **(10)**

ਅਰਦਾਸ ਦਾ ਅਧਾਰ ਪ੍ਰੇਮ ਹੈ। ਵਾਹਿਗੁਰੂ ਤੇ ਉਸਦੇ ਬੰਦਿਆਂ ਦਾ ਆਪੋ ਵਿੱਚ ਪ੍ਰੇਮ। ਵਾਹਿਗੁਰੂ ਸਾਡਾ ਪਿਤਾ ਹੈ, ਕਿਰਪਾਲੂ ਤੇ ਦਿਆਲੂ ਪਿਤਾ ਹੈ। ਉਹਆਪਣੇ ਪੁੱਤਰਾਂ ਦੇ ਪ੍ਰੇਮ ਕਰਕੇ ਹੀ ਚਾਹੁੰਦਾ ਹੈ ਕਿ ਪੁੱਤਰ ਉਸਨੂੰ ਆਪਣੀਆਂ ਲੋੜਾਂ ਤੇ ਮੰਗਾਂ ਦੱਸਣ। ਅਸੀਂ ਬੱਚੇ ਅਰਦਾਸ ਰਾਹੀਂ ਹੀ ਆਪਣੇ ਪਿਤਾ ਨਾਲ ਗੱਲਾਂ ਕਰਦੇ ਹਾਂ। ਅਰਦਾਸ ਵਿੱਚ ਇੰਨਾਂ ਭਾਗ ਵਸਤੂਆਂ ਮੰਗਣ ਦਾ ਨਹੀਂ ਹੁੰਦਾ, ਜਿੰਨਾਂ ਕਿ ਰੱਬ ਦੇ ਪਿਆਰ ਤੇ ਸਤਿਕਾਰ ਦਾ ਹੁੰਦਾ ਹੈ। ਪ੍ਰਾਰਥਨਾ ਵਿੱਚ ਅਸੀਂ ਪ੍ਰਭੂ ਦਾ ਸ਼ੁਕਰ ਤੇ ਧੰਨਵਾਦ ਕਰਦੇ ਹਾਂ ਕਿ ਉਸਨੇ ਸਾਨੂੰ ਕਿੰਨੀਆਂ ਹੀ ਅਮੋਲਕ ਦਾਤਾਂ ਬਖ਼ਸ਼ੀਆਂ ਹਨ। ਅਸੀਂ ਪ੍ਰਭੂ ਪਾਸੋ ਅਰਦਾਸ ਦੁਆਰਾ ਖਿਮਾਂ ਮੰਗਦੇ ਹਾਂ ਕਿ ਸਾਡੇ ਵੱਲੋਂ ਉਸਦੇ ਦਰਸਾਏ ਹੋਏ ਹੁਕਮਾਂ ਤੇ ਹਦਾਇਤਾਂ ਉੱਤੇ ਚਲਣ ਵਿੱਚ ਕੁਝ ਭੁਲਾਂ ਹੋਈਆਂ ਹਨ। ਸਾਡੀਆਂ ਭੁਲਾਂ ਨੂੰ ਬਖ਼ਸ਼ ਦਿਓ ਅਸੀਂ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਸਾਡੇ ਕਾਰਜ ਪੂਰੇ ਕਰੇ, ਸਾਡੇ ਦੁੱਖਾਂ ਨੂੰ ਦੂਰ ਕਰੇ। ਪ੍ਰਮਾਤਮਾ ਨਾਲ ਪ੍ਰੇਮ ਤੇ ਸ਼ਰਧਾ ਸਾਡੇ ਅੰਦਰ ਸ਼ਕਤੀ ਪੈਦਾ ਕਰਦੀ ਹੈ ਤੇ ਸਾਡੇ ਕੰਮ ਸੁਆਰ ਦਿੰਦੀ ਹੈ।

ਪ੍ਰ.ੳ) ਅਰਦਾਸ ਕਰਨ ਦਾ ਆਧਾਰ ਕੀ ਹੈ?

ਅ) ਅਰਦਾਸ ਦਾ ਮੁੱਖ ਮਨੋਰਥ ਕੀ ਹੈ?

ੲ) ਅਸੀਂ ਪਰਮਾਤਮਾ ਕੋਲੋਂ ਅਰਦਾਸ ਦੁਆਰਾ ਕਿਸ ਗੱਲ ਦੀ ਖਿਮਾ ਮੰਗਦੇ ਹਾਂ?

**ਪ੍ਰ2. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਤੇ 250 ਸ਼ਬਦਾਂ ਦਾ ਲੇਖ ਲਿਖੋ:** **(10)**

1) ਗੁਰੂ ਤੇਗ ਬਹਾਦਰ ਜੀ
2) ਪੜ੍ਹਾਈ ਵਿੱਚ ਖੇਡਾਂ ਦੀ ਥਾਂ
3) ਦੇਸ਼ ਪਿਆਰ
4) ਇਸਤਰੀ ਵਿੱਦਿਆ

**ਪ੍ਰ3.** ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਤੁਹਾਡੇ ਇਲਾਕੇ ਦੀਆਂ ਸੜਕਾਂ ਦੀ ਮੰਦੀ ਹਾਲਤ ਬਾਰੇ ਦੱਸਿਆ ਗਿਆ ਹੋਵੇ। **(8)**

**ਪ੍ਰ4.** ਤੁਹਾਡਾ ਸਕੂਟਰ ਵਿਕਾਊ ਹੈ ਇਸ ਸੰਬੰਧੀ ਕਿਸੇ ਅਖ਼ਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਤਿਆਰ ਕਰੋ। **(7)**

**ਜਾਂ**

ਤੁਹਾਡੀ ਦੁਕਾਨ ਵਿਕਾਊ ਹੈ ਇਸ ਸੰਬੰਧੀ ਕਿਸੇ ਅਖਬਾਰ ਵਿੱਚ ਭੇਜਣ ਲਈ ਇਸ਼ਤਿਹਾਰ ਤਿਆਰ ਕਰੋ।

**ਪ੍ਰ5. ਹੇਠਾਂ ਲਿਖੇ ਮੁਹਾਵਰਿਆਂ ਵਿੱਚੋਂ ਕੋਈ ਚਾਰ ਮੁਹਾਵਰਿਆਂ ਦੇ ਅਰਥ ਦੱਸ ਕੇ ਨੂੰ ਵਾਕਾਂ ਵਿੱਚ ਵਰਤੋ – (4)**

ਇਕ ਅੱਖ ਨਾਲ ਵੇਖਣਾ, ਸਿਰ ਤਲੀ ਤੇ ਰੱਖਣਾ, ਘਿਉ ਖਿਚੜੀ ਹੋਣਾ, ਚਾਦਰ ਦੇਖ ਕੇ ਪੈਰ ਪਸਾਰਨੇ, ਅੱਗ ਦੇ ਭਾਅ ਹੋਣਾ

**ਪ੍ਰ6. ਹੇਠਾਂ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** **(3)**

ੳ) ਮੋਹਨ ਸੋਹਨ ਅਤੇ ਮਨਿੰਦਰ ਅੱਜ ਮੈਚ ਖੇਡਣ ਜਾਣਗੇ।

ਅ) ਅਸਮਾਨ ਵਿੱਚ ਪੰਛੀ ਉੱਡ ਰਿਹਾ ਹੈ?

ੲ) ਬੱਚੇ ਬੁੱਢੇ ਤੇ ਜਵਾਨ ਭੰਗੜਾ ਪਾ ਰਿਹਾ ਹੈ।